# ਨਾਟਕ ਕਲਾ ਵਿਚ ਰਾਜਸੀ ਵਿਅੰਗ ਨਾਟਕ

## ਕਲਾ ਤੇ ਜ਼ਿੰਦਗੀ



**ਗੁਰਸ਼ਰਨ ਸਿੰਘ**

ਨਾਟਕ ਕਲਾ ਵਿਚ ਰਾਜਸੀ ਵਿਅੰਗ ਨਾਟਕ ਦੀ ਆਪਣੀ ਇਕ ਵਿਸ਼ੇਸ਼ ਥਾਂ ਹੈ। ਪੰਜਾਬੀ ਨਾਟਕ ਇਸ ਗੱਲ ਦਾ ਜ਼ਰੂਰ ਮਾਣ ਕਰ ਸਕਦਾ ਹੈ ਕਿ ਇਸ ਵਿਧਾ ਵਿਚ ਉਸ ਦੀਆਂ ਆਪਣੀਆਂ ਪ੍ਰਾਪਤੀਆਂ ਹਨ। ਨਾਟਕ 'ਟੋਆ', 'ਜੰਗੀ ਰਾਮ ਦੀ ਹਵੇਲੀ', 'ਬਾਬਾ ਬੋਲਦਾ ਹੈ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਰਾਹਤ' ਆਦਿ ਅਤੇ 1998 ਦਾ ਪੰਜਾਬੀ ਸਟੇਜ ਦਾ ਸਾਰਿਆਂ ਨਾਲੋਂ ਮਕਬੂਲ ਨਾਟਕ 'ਲਾਰੇ' ਇਸ ਦੀਆਂ ਮਿਸਾਲਾਂ ਹਨ। ਇਸ ਕਾਲਮ ਦੇ ਲੇਖਕ ਨੂੰ ਸੰਗੀਤ ਨਾਟਕ ਅਕਾਦਮੀ ਅਤੇ ਸਮਰਾਟ ਨੁੱਕਰ ਨਾਟਕ ਦੇ ਭਾਰਤੀ ਸਨਮਾਨ ਇਸ ਖੇਤਰ ਵਿਚ ਮਿਲੇ ਹਨ।

ਵਿਅੰਗ ਰਾਜਸੀ ਨਾਟਕਾਂ ਵਿਚ ਜਾਰਜ ਬਰਨਾਰਡ ਸ਼ਾਅ ਦੇ ਨਾਟਕ 'ਮੇਜਰ ਬਾਰਬਰਾ' ਦੀ ਵਿਸ਼ਵ ਨਾਟਕੀ ਸਾਹਿਤ ਵਿਚ ਆਪਣੀ ਇਕ ਕਲਾਸਕੀ ਥਾਂ ਹੈ। ਇਹ ਮੁਕਤੀ ਸੈਨਾ ਦੇ ਕਾਰਕੁਨਾਂ ਉਤੇ ਇਕ ਵਿਅੰਗ ਹੈ ਕਿ ਵੱਡੇ ਘਰਾਂ ਦੀਆਂ ਔਰਤਾਂ ਆਪਣੇ ਅਕੇਵੇਂ ਨੂੰ ਦੂਰ ਕਰਨ ਲਈ ਕਿਸੇ ਨਾ ਕਿਸੇ ਸਮਾਜਿਕ ਸੁਧਾਰ ਦੇ ਕੰਮ ਵਿਚ ਆਪਣੇ ਆਪ ਨੂੰ ਰੁਝਾ ਲੈਂਦੀਆਂ ਹਨ। ਉਨ੍ਹਾਂ ਦੀ ਆਪਣੀ ਮਾਨਸਿਕ ਤਸੱਲੀ ਭਾਵੇਂ ਹੋ ਜਾਂਦੀ ਹੈ ਪਰ ਸਮਾਜ ਸੁਧਾਰ ਦੀ ਕੋਈ ਗੱਲ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਦਿਲਚਸਪੀ ਇਸ ਗੱਲ ਵਿਚ ਨਹੀਂ ਹੁੰਦੀ ਕਿ ਸਮਾਜ ਦੇ ਨਿਘਾਰ ਦਾ ਜਿਹੜਾ ਬੁਨਿਆਦੀ ਕਾਰਨ ਹੈ ਉਸ ਵੱਲ ਧਿਆਨ ਦਿੱਤਾ ਜਾਵੇ। ਇਹ ਇਕ ਵੱਡਾ ਨਾਟਕ ਹੈ ਅਤੇ ਬਰਨਾਰਡ ਸ਼ਾਅ ਆਪਣੀ ਵਿਸ਼ੇਸ਼ ਸ਼ੈਲੀ ਵਿਚ ਬੜੇ ਹੀ ਚੁਸਤ ਵਾਰਤਾਲਾਪਾਂ ਰਾਹੀਂ ਸਾਰੇ ਸਮਾਜਿਕ ਸੁਧਾਰ ਦੀ ਉਤਲੀ ਉਤਲੀ ਪਹੁੰਚ ਉਤੇ ਵਿਅੰਗ ਕਰਦਾ ਹੈ। ਪਰ ਜਿਨ੍ਹਾਂ ਪੰਜਾਬੀ ਨਾਟਕਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਉਹ ਮੁੱਖ ਤੌਰ 'ਤੇ ਸਮਕਾਲੀ, ਰਾਜਸੀ ਵਰਤਾਰੇ ਦੇ ਕਿਸੇ ਨਾ ਕਿਸੇ ਪੱਖ ਉਤੇ ਵਿਅੰਗ ਕਰਦੇ ਛੋਟੇ ਨਾਟਕ ਹਨ। ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਨੁੱਕਰ ਨਾਟਕ ਦੀ ਸ਼ੈਲੀ ਵਿਚ ਹਨ। ਸਮਕਾਲੀ [illegible]ਤਾ ਇਨ੍ਹਾਂ ਨਾਟਕਾਂ ਦੀ ਸ਼ਕਤੀ ਹੈ।

ਟੋਆ ਕ੍ਰਿਸ਼ਨ ਚੰਦਰ ਦੀ ਕਹਾਣੀ 'ਗੜ੍ਹਾ' ਤੇ [illegible] ਜਤਿੰਦਰ ਸਿੰਘ ਬਰਾੜ ਦਾ ਲਿਖਿਆ ਹੋਇਆ ਹੈ। ਭਾਰਤ ਦੀ ਸਮਾਜਿਕ ਅਤੇ ਰਾਜਨੀਤਕ ਸਥਿਤੀ ਉਤੇ ਇਹ ਨਾਟਕ ਇਕ ਵਿਅੰਗਾਤਮਕ ਟਿੱਪਣੀ ਹੈ। ਨਾਟਕ ਦੇ ਸ਼ੁਰੂ ਵਿਚ ਇਕ ਬੰਦਾ ਮਾਈਮ ਅਭਿਨੈ ਰਾਹੀਂ ਇਹ ਸਥਾਪਤ ਕਰਦਾ ਹੈ ਕਿ ਉਹ ਟੋਏ ਵਿਚ ਡਿਗਿਆ ਹੋਇਆ ਹੈ। ਇਹ ਬੰਦਾ ਭਾਰਤ ਦੇ ਉਨ੍ਹਾਂ ਕਰੋੜਾਂ ਗਰੀਬ ਅਤੇ ਮਜਬੂਰ ਲੋਕਾਂ ਦਾ ਪ੍ਰਤੀਕ ਹੈ ਜੋ ਗਰੀਬੀ ਅਤੇ ਲਾਚਾਰੀ ਦੇ ਟੋਏ ਵਿਚ ਡਿੱਗੇ ਹੋਏ ਹਨ। ਇਸ ਟੋਏ ਵਿਚੋਂ ਇਨ੍ਹਾਂ ਨੂੰ ਕੌਣ ਬਾਹਰ ਕੱਢੇਗਾ, ਇਹ ਇਸ ਨਾਟਕ ਦਾ ਵਿਸ਼ਾ ਹੈ। ਵੱਖ ਵੱਖ ਲੋਕ ਆਉਂਦੇ ਹਨ, ਜਿਨ੍ਹਾਂ ਵਿਚ ਸਰਕਾਰੀ ਕਰਮਚਾਰੀ ਹਨ, ਪੁਲੀਸ ਵਾਲੇ ਹਨ, ਬਾਹਰਲੇ ਮੁਲਕਾਂ ਤੋਂ ਆਏ ਐਕਸਪਰਟ ਹਨ, ਸਾਧੂ ਬਾਬੇ ਹਨ, ਮਨਿਸਟਰ ਹਨ। ਸਭ ਗੱਲਾਂ ਕਰਦੇ ਹਨ ਪਰ ਕੋਈ ਵੀ ਉਸ ਨੂੰ ਟੋਏ ਵਿਚੋਂ ਬਾਹਰ ਨਹੀਂ ਕੱਢਦਾ। ਉਹ ਟੋਏ ਵਿਚ ਹੀ ਪੁਕਾਰਦਾ ਖਤਮ ਹੋ ਜਾਂਦਾ ਹੈ। ਇਹ ਨਾਟਕ ਬਾਹਰਲੇ ਦੇਸ਼ਾਂ ਵਿਚ ਖੇਡਿਆ ਗਿਆ। 1983 ਵਿਚ ਜਦੋਂ ਇਹ ਬਰਮਿੰਘਮ ਵਿਖੇ ਖੇਡਿਆ ਗਿਆ ਤਾਂ ਅਖਬਾਰ 'ਮਾਨਚੈਸਟਰ ਗਾਰਡੀਅਨ' ਦੇ ਨਾਟਕ ਟਿੱਪਣੀਕਾਰ ਦੀ ਟਿੱਪਣੀ ਵਿਚ ਉਸ ਨੂੰ ਕਲਾ ਦੀ ਸ਼ਾਹਕਾਰ ਕਿਰਤ ਦਾ ਦਰਜਾ ਦਿੱਤਾ ਗਿਆ।

'ਜੰਗੀ ਰਾਮ ਦੀ ਹਵੇਲੀ' 1979 ਵਿਚ ਲਿਖਿਆ ਗਿਆ ਵਿਅੰਗ ਨਾਟਕ ਹੈ। ਜੰਗੀ ਰਾਮ ਦੀ ਹਵੇਲੀ ਭਾਰਤ ਦੀ ਪ੍ਰਤੀਕ ਹੈ ਜਿਹਦੇ 23 ਕਮਰੇ ਹਨ। 18 ਦੀਆਂ ਛੱਤਾਂ ਚੋਂਦੀਆਂ ਹਨ, ਕੰਧਾਂ ਭੁਰਦੀਆਂ ਹਨ, ਰੋਸ਼ਨੀ ਦਾ ਨਾਮ ਨਹੀਂ, ਸਫਾਈ ਦਾ ਨਿਸ਼ਾਨ ਨਹੀਂ। ਚਿੱਕੜ ਹੈ, ਦਲਿੱਦਰ ਹੈ, ਬੀਮਾਰੀ ਹੈ। ਮਸਖਰੇ ਕਿਸਮ ਦੇ ਲੋਕ ਜੋ ਆਪਣਾ ਪਿਸ਼ਾਬ ਪੀਂਦੇ ਹਨ, ਹਵੇਲੀ ਦਾ ਪ੍ਰਬੰਧ ਚਲਾਉਂਦੇ ਹਨ। ਨਾਟਕ ਦਾ ਸੁਨੇਹਾ ਹੈ ਕਿ ਹਵੇਲੀ ਦੇ ਰਹਿਣ ਵਾਲੇ ਲੋਕ ਹਵੇਲੀ ਨੂੰ ਜੇ ਢਾਹ ਕੇ ਨਵੀਂ ਨਹੀਂ ਬਣਾਉਣਗੇ, ਉਨ੍ਹਾਂ ਦੀ ਨਿਜਾਤ ਨਹੀਂ ਹੋ ਸਕਦੀ। ਇਹ ਨਾਟਕ ਭਾਰਤ ਦੀਆਂ ਬਹੁਤ ਸਾਰੀਆਂ ਬੋਲੀਆਂ ਵਿਚ ਅਨੁਵਾਦ ਹੋਇਆ ਅਤੇ ਵੱਖ ਵੱਖ ਥਾਵਾਂ ਉਤੇ ਖੇਡਿਆ ਗਿਆ। ਇਹਨੂੰ ਪੰਜਾਬੀ ਨਾਟਕ ਦੀ ਇਕ ਵਿਸ਼ੇਸ਼ ਪ੍ਰਾਪਤੀ ਕਿਹਾ ਗਿਆ।

'ਬਾਬਾ ਬੋਲਦਾ ਹੈ' 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਵਿਚ ਹਾਕਮਾਂ ਦੀ ਦੋਗਲੀ ਭੂਮਿਕਾ ਉਤੇ ਵਿਅੰਗ ਕਰਦਾ ਹੈ। 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਨਾਟਕ ਵਿਚ ਪੰਜਾਬ ਅਤੇ ਹਰਿਆਣਾ ਦੇ ਲੀਡਰਾਂ ਉਤੇ ਵਿਅੰਗ ਹੈ। ਚੰਡੀਗੜ੍ਹ ਉਤੇ ਆਪਣਾ ਹੱਕ ਉਹ ਦੱਸ ਰਹੇ ਹਨ ਪਰ ਚੰਡੀਗੜ੍ਹ ਦੇ ਬਾਹਰ ਜਿਹੜੇ ਪੰਜਾਬ ਅਤੇ ਹਰਿਆਣਾ ਦੇ ਹੋਰ ਸ਼ਹਿਰ ਹਨ, ਉਹ ਬਿਲਕੁਲ ਨਜ਼ਰਅੰਦਾਜ਼ ਕੀਤੇ ਜਾ ਰਹੇ ਹਨ। ਦਿੱਲੀ ਦੇ ਹਾਕਮ ਇਸ ਗੱਲ ਵਿਚ ਦਿਲਚਸਪੀ ਰਖਦੇ ਹਨ ਕਿ ਇਹ ਸ਼ਹਿਰ ਕੇਂਦਰੀ ਸਰਕਾਰ ਦਾ ਸ਼ਹਿਰ ਹੀ ਰਹੇ। ਪੰਜਾਬੀ ਦੇ ਇਕ ਲੋਕ ਗੀਤ ਦੇ ਕੁਝ ਬੋਲ ਇਸ ਨਾਟਕ ਵਿਚ ਵਿਅੰਗ ਦੇ ਤੌਰ 'ਤੇ ਵਰਤੇ ਗਏ ਹਨ। ਚੰਡੀਗੜ੍ਹ ਨਾ ਪੰਜਾਬੀ ਰਿਹਾ ਹੈ ਨਾ ਹਿੰਦੀ ਰਿਹਾ ਹੈ। ਉਹ ਤਾਂ ਹੁਣ ਅੰਗਰੇਜ਼ੀ ਬੋਲਦਿਆਂ ਦਾ ਸ਼ਹਿਰ ਹੈ ਅਤੇ ਪੱਛਮੀ ਸਭਿਅਤਾ ਇਸ ਸ਼ਹਿਰ ਦੀ ਸਭਿਅਤਾ ਬਣ ਗਈ ਹੈ।

ਨਾਟਕ 'ਰਾਹਤ' ਨੌਕਰਸ਼ਾਹੀ ਉਤੇ ਇਕ ਵਿਅੰਗ ਹੈ। ਕਿਸੇ ਕੁਦਰਤੀ ਆਫਤ ਵੇਲੇ ਰਾਹਤ ਦੇ ਨਾਂ ਉਤੇ ਅਫਸਰਸ਼ਾਹੀ ਬੜੀ ਹਰਕਤ ਵਿਚ ਆਉਂਦੀ ਹੈ। ਕਾਗਜ਼ੀ ਕਾਰਵਾਈ ਸਭ ਹੁੰਦੀ ਹੈ ਪਰ ਦੁਖੀ ਲੋਕਾਂ ਨੂੰ ਕੋਈ ਰਾਹਤ ਨਹੀਂ ਮਿਲਦੀ।

1998 ਵਿਚ ਰਾਜਸੀ ਵਿਅੰਗ ਦੇ ਜਿਸ ਨਾਟਕ ਨੇ ਵੱਡੀ ਮਕਬੂਲੀਅਤ ਲਈ, ਉਹ 'ਲਾਰੇ' ਹੈ। ਇਸ ਨਾਟਕ ਦੀਆਂ ਇਸ ਸਾਲ ਕੋਈ ਸੌ ਤੋਂ ਵੱਧ ਪੇਸ਼ਕਾਰੀਆਂ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਹੋਈਆਂ। ਇਹ ਨਾਟਕ ਰਾਜਨੀਤੀ ਦੇ ਉਸ ਵਰਤਾਰੇ ਉਤੇ ਵਿਅੰਗ ਹੈ ਜਿਥੇ ਹੁਣ ਮੈਨੀਫੈਸਟੋ ਸ਼ਬਦ ਦੀ ਥਾਂ ਲਾਰਿਆਂ ਨੇ ਲੈ ਲਈ ਹੈ। ਫਰਵਰੀ 1997 ਵਿਚ ਜਦੋਂ ਹੁਣ ਵਾਲੀ ਸਰਕਾਰ ਪੰਜਾਬ ਵਿਚ ਬਣੀ ਤਾਂ ਪਹਿਲੇ ਦਿਨ ਹੀ ਮੁੱਖ ਮੰਤਰੀ ਵਲੋਂ ਇਹ ਐਲਾਨ ਕੀਤਾ ਗਿਆ ਕਿ ਪੰਜਾਬ ਵਿਚ ਹਰ ਉਸ ਬੁੱਢੇ ਨੂੰ ਜਿਸ ਦੀ ਉਮਰ 65 ਸਾਲ ਤੋਂ ਉਤੇ ਹੈ ਅਤੇ ਹਰ ਉਸ ਬੁੱਢੀ ਨੂੰ ਜੋ 60 ਸਾਲ ਤੋਂ ਉਪਰ ਦੀ ਹੈ, ਪੈਨਸ਼ਨ ਦਿੱਤੀ ਜਾਵੇਗੀ ਅਤੇ ਇਹ ਪੈਨਸ਼ਨ ਹੋਵੇਗੀ 200 ਰੁਪਏ ਮਹੀਨਾ। ਇਕ ਹੋਰ ਮੰਤਰੀ ਨੇ ਐਲਾਨ ਕੀਤਾ ਇਹ ਪੈਨਸ਼ਨ ਲੈਣ ਲਈ ਬਜ਼ੁਰਗਾਂ ਨੂੰ ਸਰਕਾਰੀ ਦਫਤਰਾਂ ਵਿਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਸਗੋਂ ਹਰ ਮਹੀਨੇ ਡਾਕੀਆ ਉਨ੍ਹਾਂ ਦੇ ਘਰ ਆਏਗਾ, ਕੁੰਡਾ ਖੜਕਾਏਗਾ ਅਤੇ ਪੈਨਸ਼ਨ ਦੀ ਰਕਮ ਦਾ ਮਨੀਆਰਡਰ ਉਨ੍ਹਾਂ ਨੂੰ ਪੁਚਾਏਗਾ। ਹੁਣ ਇਕ ਬੁੱਢਾ ਮਿਲਖੀ ਸਿੰਘ ਅਤੇ ਉਹਦੀ ਬੁੱਢੀ ਧੰਨੋ ਉਡੀਕ ਰਹੇ ਹਨ ਕਿ ਕਦੋਂ ਕੁੰਡਾ ਖੜਕੇਗਾ।

ਥੋੜ੍ਹਾ ਖੜਾਕ ਹੁੰਦਾ ਹੈ, ਉਨ੍ਹਾਂ ਨੂੰ ਲਗਦਾ ਹੈ ਕਿ ਮਨੀਆਰਡਰ ਆ ਗਿਆ ਹੈ। ਉਹ ਸੁਪਨੇ ਵੀ ਲੈਂਦੇ ਹਨ ਕਿ ਜਦੋਂ ਰਕਮ ਮਿਲੇਗੀ ਤਾਂ ਉਹ ਉਹਦਾ ਕੀ ਕਰਨਗੇ। ਨਾਟਕ ਦਾ ਸਿਖਰ ਹੈ ਕਿ ਕੁੰਡਾ ਖੜਕਦਾ ਹੈ ਪਰ ਡਾਕੀਏ ਦੀ ਥਾਂ ਬਿਜਲੀ ਬੋਰਡ ਦਾ ਮੁਲਾਜ਼ਮ ਬਿਜਲੀ ਦਾ ਵਧਿਆ ਹੋਇਆ ਬਿਲ ਲੈ ਕੇ ਆਉਂਦਾ ਹੈ। ਨਾਟਕ ਖਤਮ ਹੁੰਦਾ ਹੈ ਜਦੋਂ ਬੁੱਢਾ ਅਤੇ ਬੁੱਢੀ ਸਿਆਪਾ ਕਰਦੇ ਹਨ - ਇਹ ਸਰਕਾਰ ਚਲਾਉਣ ਵਾਲਿਓ ਤੁਹਾਡਾ ਕੱਖ ਨਾ ਰਹੇ। ਸਾਨੂੰ ਝੂਠੇ ਲਾਰੇ ਲਾਉਣ ਵਾਲਿਓ, ਤੁਹਾਡਾ ਕੱਖ ਨਾ ਰਹੇ। ਚੰਡੀਗੜ੍ਹ ਦੇ ਨਾਟਕ ਕਲਾਕਾਰ ਬਸ਼ੀਰ ਅਲੀ ਅਤੇ ਅੰਮ੍ਰਿਤ ਇਸ ਨਾਟਕ ਵਿਚ ਬੁੱਢਾ ਅਤੇ ਬੁੱਢੀ ਦੀ ਭੂਮਿਕਾ ਵਿਚ ਨਾਟਕ ਨੂੰ ਪੂਰੀ ਸਫਲਤਾ ਦਿੰਦੇ ਹਨ। ਸਹਾਇਕ ਕਲਾਕਾਰ ਸੁਲੇਮਾਨ, ਰਾਜੂ ਅਤੇ ਦਿਲਬਾਗ ਸਿੱਧੂ ਨਾਟਕ ਦੇ ਵਿਅੰਗ ਨੂੰ ਪੂਰੀ ਤਰ੍ਹਾਂ ਉਭਾਰਦੇ ਹਨ।

ਨਾਟਕ 'ਲਾਰੇ' ਦੀ ਸਫਲਤਾ ਇਹ ਦੱਸਦੀ ਹੈ ਕਿ ਰਾਜਸੀ ਵਿਅੰਗ ਨਾਟਕ, ਨਾਟਕ ਸ਼ੈਲੀ ਦੀ ਇਕ ਅਜਿਹੀ ਵੰਨਗੀ ਹੈ, ਜੋ ਨਾਟਕ ਆਲੋਚਕਾਂ ਦੇ ਧਿਆਨ ਦਾ ਹੱਕ ਰੱਖਦੀ ਹੈ।